ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫਸਰ 095 ਮੌੜ ਵਿਧਾਨ ਸਭਾ ਚੋਣ ਹਲਕਾ
ਕਮ-ਉਪ ਮੰਡਲ ਮੈਜਿਸਟਰੇਟ, ਮੌੜ
Office of the Electoral Registration Office 095 Maur (AC)
Cum Sub Divisional Magistrate, Maur
(Room No. 104, Election Cell, SDM Office Maur)
E-mail ID- [illegible]

ਵੱਲ,

1. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਬਠਿੰਡਾ/ਬਰਨਾਲਾ।
2. ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਬਠਿੰਡਾ/ ਗੁਰਦਾਸਪੁਰ।
3. ਕਾਰਜਕਾਰੀ ਇੰਜੀਨਿਅਰ, ਨਹਿਰੀ ਵਿਭਾਗ ਜਵਾਹਰਕੇ, ਮਾਨਸਾ।
4. ਕਾਰਜਕਾਰੀ ਇੰਜੀਨਿਅਰ, ਬਠਿੰਡਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ ਬਠਿੰਡਾ।
5. ਕਾਰਜਕਾਰੀ ਇੰਜੀਨਿਅਰ, ਪੀ.ਐਸ.ਪੀ.ਸੀ.ਐਲ., ਮੌੜ।
6. ਸੀਨੀਅਰ ਮੈਡੀਕਲ ਅਫਸਰ ਭਗਤਾ ਭਾਈ ਕਾ/ਬਾਲਿਆਂਵਾਲੀ/ਤਲਵੰਡੀ ਸਾਬੋ/ ਰਾਮਪੁਰਾ।
7. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮੌੜ/ਰਾਮਪੁਰਾ।
8. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਮੌੜ।
9. ਉਪ ਮੰਡਲ ਅਫਸਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਰਾਮਪੁਰਾ/ਮੌੜ।
10. ਖੇਤੀਬਾੜੀ ਅਫਸਰ, ਬਠਿੰਡਾ, ਮੌੜ।
11. ਉਪ ਮੰਡਲ ਅਫਸਰ (ਨਹਿਰੀ), ਤਲਵੰਡੀ ਸਾਬੋ।
12. ਸਮੂਹ ਸੈਕਟਰ ਅਫਸਰ ਹਲਕਾ 095 ਮੌੜ।

ਪੱਤਰ ਨੰ.470-88 ਚੋਣਾਂ 2025 ਮਿਤੀ 26/10/2025

ਵਿਸ਼ਾ:- **Special Intensive Revisions (S.I.R) w.r.t. 01.01.2026 regarding.**

ਉਪਰੋਕਤ ਵਿਸ਼ੇ ਸਬੰਧੀ ਨਿਮਨਹਸਤਾਖਰ ਦੇ ਹਲਕੇ ਅਧੀਨ ਕੰਮ ਕਰਦੇ ਬੀ.ਐਲ.ਓਜ਼ ਵੱਲੋਂ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਵੀਜ਼ਨ ਤਹਿਤ ਵਿਧਾਨ ਸਭਾ ਹਲਕਾ ਦੀ ਮੌਜੂਦਾ ਵੋਟਰ ਸੂਚੀ ਦਾ ਮਿਲਾਨ ਸਾਲ 2003 ਦੀ ਵੋਟਰ ਸੂਚੀ ਨਾਲ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਮਾਨਯੋਗ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਮਿਤੀ 22.10.2025 ਨੂੰ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਬੀ.ਐਲ.ਓ. ਵੱਲੋਂ ਉਕਤ ਕੀਤੇ ਕੰਮ ਸਬੰਧੀ ਐਪ ਉਪਰ ਮੈਪਿੰਗ ਦਾ ਕੰਮ ਕੀਤਾ ਜਾਣਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਜਿੰਨ੍ਹਾ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ ਦਫਤਰ ਅਧੀਨ ਬਤੌਰ ਬੀ.ਐਲ.ਓ. ਲੱਗੀ ਹੈ ਨੂੰ ਸਕੂਲ/ਦਫਤਰੀ ਕੰਮ ਤੋਂ ਮਿਤੀ 27.10.2025 ਤੋਂ 28.10.2025 ਤੱਕ 2 ਦਿਨਾਂ ਲਈ ਫਾਰਗ ਕਰਦੇ ਹੋਏ ਬੀ.ਐਲ.ਓ ਡਿਊਟੀ ਲਈ ਪਾਬੰਦ ਕੀਤਾ ਜਾਵੇ ਤਾਂ ਜੋ ਉਕਤ ਕੰਮ ਨੂੰ ਸਮੇ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

ਸਮੂਹ ਸੈਕਟਰ ਅਫਸਰ ਆਪਣੇ ਅਧੀਨ ਆਉਂਦੇ ਬੀ.ਐੱਲ.ਓਜ਼. ਦੇ ਕੰਮ ਦੀ ਪ੍ਰੋਗਰੈਸ ਲਈ ਜਿੰਮੇਵਾਰ ਹੋਣਗੇ ਅਤੇ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣਾ ਯਕੀਨੀ ਬਣਾਉਗੇ।

**ਨੋਟ:- ਜੇਕਰ ਕਿਸੇ ਬੀ.ਐਲ.ਓਜ਼ ਵੱਲੋਂ ਦਫਤਰੀ ਡਿਊਟੀ ਤੋਂ ਫਾਰਗ ਹੋ ਕੇ ਵੀ ਉਕਤ ਕੰਮ ਨੂੰ ਨੇਪਰੇ ਨਹੀਂ ਚਾੜ੍ਹਿਆ ਗਿਆ ਤਾਂ ਉਸ ਕਰਮਚਾਰੀ ਦੇ ਖਿਲਾਫ ਚੋਣਾਂ ਦੇ ਕੰਮ ਵਿਚ ਵਿਘਨ ਪਾਉਣ ਸਬੰਧੀ ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਨੂੰ ਲਿਖ ਦਿੱਤਾ ਜਾਵੇਗਾ।**

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, 095 ਮੌੜ।

ਪਿੱਠ ਅੰਕਣ ਨੰ.481 ਮਿਤੀ 26.10.2025
ਇਸ ਦਾ ਇੱਕ ਉਤਾਰਾਂ:-

1. ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, 095 ਮੌੜ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ

ਮਿਤੀ:- 26.10.2025

ਪੱਤਰ ਨੰ:- ਸੀ-1(7)/2025/ ਅਪੀਲ

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

– ਸਹੀ/-

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ